The Tribune
CHANDIGARH | SATURDAY | 6 MAY 2017

...days from the date of advertisement on the above said address. After opening of EoI, the interested groups shall make a presentation.

**Chief Executive Officer.**

DPR-Pb-621-D

## ਪੰਜਾਬ ਸਰਕਾਰ
## ਸਥਾਨਕ ਸਰਕਾਰ ਵਿਭਾਗ
## (ਟਾਊਨ ਪਲੈਨਿੰਗ ਵਿੰਗ)

**ਪੰਜਾਬ ਮਿਊਂਸਪਲ ਭਵਨ, ਪਲਾਟ ਨੰ. 3, ਦੱਖਣ ਮਾਰਗ, ਸੈਕਟਰ-35-ਏ, ਚੰਡੀਗੜ੍ਹ**

## ਪਬਲਿਕ ਨੋਟਿਸ

ਪੰਜਾਬ ਮਿਊਂਸਪਲ ਐਕਟ, 1911 (ਪੰਜਾਬ ਐਕਟ ਨੰ. 2 ਆਫ 2015) ਦੀ ਧਾਰਾ 201 ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 (ਪੰਜਾਬ ਐਕਟ ਨੰ. 3 ਆਫ 2015) ਦੀ ਧਾਰਾ 399 ਅਧੀਨ ਸਥਾਨਕ ਸਰਕਾਰ ਵਿਭਾਗ ਵੱਲੋਂ ਮੌਜੂਦਾ ਮਿਊਂਸਪਲ ਬਿਲਡਿੰਗ ਬਾਇਲਾਜ਼ ਵਿੱਚ ਕੇਂਦਰੀ ਸਹਿਕਾਰੀ ਵਿਕਾਸ ਮੰਤਰਾਲਿਆਂ ਵੱਲੋਂ ਜਾਰੀ ਕੀਤੇ ਗਏ ਮਾਡਲ ਬਿਲਡਿੰਗ ਬਾਇਲਾਜ਼-2016 ਦੇ ਮੱਦੇਨਜ਼ਰ ਸੋਧ ਕਰਦੇ ਹੋਏ, ਪੰਜਾਬ ਮਿਊਂਸਪਲ ਬਿਲਡਿੰਗ ਬਾਇਲਾਜ਼-2017 ਸਬੰਧੀ ਖਰੜਾ ਨੋਟੀਫਿਕੇਸ਼ਨ ਨੰ. CTP (LG)/2017/910, Dated 02/05/2017 ਰਾਹੀਂ ਕੀਤੀ ਗਈ ਹੈ। ਇਹ ਖਰੜਾ ਨੋਟੀਫਿਕੇਸ਼ਨ ਪੰਜਾਬ ਰਾਜ ਦੀਆਂ ਸਮੂਹ ਨਗਰ ਨਿਗਮਾਂ, ਨਗਰ ਕੌਂਸਲਾਂ/ਨਗਰ ਪੰਚਾਇਤਾਂ, ਡਿਪਟੀ ਡਾਇਰੈਕਟਰ, ਸ਼ਹਿਰੀ ਸਥਾਨਕ ਸੰਸਥਾਵਾਂ (ਅੰਮ੍ਰਿਤਸਰ, ਜਲੰਧਰ, ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਫਿਰੋਜ਼ਪੁਰ) ਅਤੇ ਮੁੱਖ ਨਗਰ ਯੋਜਨਾਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ (ਚੌਥੀ ਮੰਜ਼ਿਲ, ਪੰਜਾਬ ਮਿਊਂਸਪਲ ਭਵਨ, ਦੱਖਣ ਮਾਰਗ, ਸੈਕਟਰ-35-ਏ, ਚੰਡੀਗੜ੍ਹ) ਦੇ ਦਫਤਰਾਂ ਵਿੱਚ ਵੇਖੀ ਜਾ ਸਕਦੀ ਹੈ।

ਪੰਜਾਬ ਮਿਊਂਸਪਲ ਐਕਟ, 1911 ਦੀ ਧਾਰਾ 200 ਅਤੇ ਪੰਜਾਬ ਮਿਊਂਸਪਲ ਕਾਰਪੋਰੇਸ਼ਨ ਐਕਟ, 1976 ਦੀ ਧਾਰਾ 401 ਅਧੀਨ ਹਰ ਆਮ ਅਤੇ ਖਾਸ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਨੂੰ ਇਸ ਡਰਾਫਟ ਨੋਟੀਫਿਕੇਸ਼ਨ/ਸੋਧਾਂ ਸਬੰਧੀ ਕੋਈ ਇਤਰਾਜ਼/ਸੁਝਾਅ ਦੇਣਾ ਹੋਵੇ ਤਾਂ ਉਹ ਵਿਅਕਤੀ/ਅਦਾਰਾ/ਸੰਸਥਾ ਇਸ ਪਬਲਿਕ ਨੋਟਿਸ ਦੇ ਪ੍ਰਕਾਸ਼ਿਤ ਹੋਣ ਦੇ 30 ਦਿਨਾਂ ਦੇ ਅੰਦਰ-ਅੰਦਰ ਸਮੂਹ ਨਗਰ ਨਿਗਮਾਂ, ਨਗਰ ਕੌਂਸਲਾਂ/ਨਗਰ ਪੰਚਾਇਤਾਂ, ਡਿਪਟੀ ਡਾਇਰੈਕਟਰ, ਸ਼ਹਿਰੀ ਸਥਾਨਕ ਸੰਸਥਾਵਾਂ (ਅੰਮ੍ਰਿਤਸਰ, ਜਲੰਧਰ, ਬਠਿੰਡਾ, ਲੁਧਿਆਣਾ, ਪਟਿਆਲਾ ਅਤੇ ਫਿਰੋਜ਼ਪੁਰ) ਅਤੇ ਮੁੱਖ ਨਗਰ ਯੋਜਨਾਕਾਰ, ਸਥਾਨਕ ਸਰਕਾਰ ਵਿਭਾਗ, ਪੰਜਾਬ (ਚੌਥੀ ਮੰਜ਼ਿਲ, ਪੰਜਾਬ ਮਿਊਂਸਪਲ ਭਵਨ, ਦੱਖਣ ਮਾਰਗ, ਸੈਕਟਰ-35-ਏ, ਚੰਡੀਗੜ੍ਹ ਦੇ ਦਫਤਰਾਂ ਵਿਖੇ ਦੇ ਸਕਦੇ ਹਨ। ਇਸ ਤੋਂ ਇਲਾਵਾ ਮੰਗੇ ਗਏ ਇਤਰਾਜ਼/ਸੁਝਾਅ ਈ-ਮੇਲ tpw.lg.pb.@gmail.com, ਫੋਨ ਨੰ. 0172-2619231 ਅਤੇ ਵੈੱਬਸਾਈਟ- lgpunjab.gov.in 'ਤੇ ਫੀਡ ਬੈਕ ਰਾਹੀਂ ਵੀ ਭੇਜ ਸਕਦੇ ਹਨ।

DPR/Pb/611-D

**ਸਹੀ/- ਡਾਇਰੈਕਟਰ, ਸਥਾਨਕ ਸਰਕਾਰ।**